ਜਲ ਅਤੇ ਵਾਤਾਵਰਣ ਰੈਗੂਲੇਸ਼ਨ
ਦਾ ਵਿਭਾਗ

GOVERNMENT OF
WESTERN AUSTRALIA

# ਦਸਤੀ ਦਾਅਵਾ ਫਾਰਮ - WA ਟ੍ਰੀ ਰਿਕਵਰੀ ਪ੍ਰੋਗਰਾਮ

ਸਰਵਿਸWA ਐਪ, WA ਟ੍ਰੀ ਰਿਕਵਰੀ ਪ੍ਰੋਗਰਾਮ ਦੀ ਛੋਟ ਤੱਕ ਪਹੁੰਚ ਕਰਨ ਦਾ ਬਹੁਤ ਤੇਜ਼, ਸੌਖਾ ਅਤੇ ਵਧੇਰੇ ਸੁਰੱਖਿਅਤ ਤਰੀਕਾ ਹੈ। ਇਸ ਫਾਰਮ ਰਾਹੀਂ ਕੀਤੇ ਗਏ ਦਾਅਵਿਆਂ ਦਾ ਭੁਗਤਾਨ ਕਰਨ ਲਈ ਪ੍ਰਾਪਤ ਹੋਣ ਦੀ ਤਾਰੀਖ਼ ਤੋਂ 30 ਦਿਨਾਂ ਤੱਕ ਦਾ ਸਮਾਂ ਲੱਗੇਗਾ।

ਸਰਵਿਸWA ਰਾਹੀਂ ਦਾਅਵਾ ਕਰਨ ਬਾਰੇ ਵਧੇਰੇ ਜਾਣਕਾਰੀ ਵਾਸਤੇ: ServiceWA ਨਵੀਨਤਮ ਪੇਸ਼ਕਸ਼ ਵੈੱਬਪੇਜ ‘ਤੇ ਜਾਓ

---

**WA ਟ੍ਰੀ ਰਿਕਵਰੀ ਪ੍ਰੋਗਰਾਮ (ਪ੍ਰੋਗਰਾਮ)** ਜਲ ਅਤੇ ਵਾਤਾਵਰਣ ਰੈਗੂਲੇਸ਼ਨ ਵਿਭਾਗ (**DWER**) ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।

ਰਾਜ ਸਰਕਾਰ ਭਵਿੱਖ ਲਈ ਪਰਥ ਦੀ ਸ਼ਹਿਰੀ ਹਰਿਆਲੀ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਇਸ ਕੋਸ਼ਿਸ਼ ਦੇ ਹਿੱਸੇ ਵਜੋਂ, ਪ੍ਰੋਗਰਾਮ ਉਨ੍ਹਾਂ ਰੁੱਖਾਂ ਨੂੰ ਬਦਲਣ ਵਾਲੇ ਵਸਨੀਕਾਂ ਨੂੰ ਸਹਾਇਤਾ ਪ੍ਰਦਾਨ ਕਰ ਰਿਹਾ ਹੈ ਜੋ ਪੌਲੀਫਾਗਸ ਸ਼ਾਟ-ਹੋਲ ਬੋਰਰ (PSHB) ਦੇ ਹਮਲੇ ਕਾਰਨ ਉਨ੍ਹਾਂ ਦੀ ਨਿੱਜੀ ਜਾਇਦਾਦ ਤੋਂ ਹਟਾ ਦਿੱਤੇ ਗਏ ਹਨ। ਯੋਗ ਵਸਨੀਕਾਂ ਲਈ $150 ਤੱਕ ਦੀਆਂ ਛੋਟਾਂ ਉਪਲਬਧ ਹਨ ਜਿਨ੍ਹਾਂ ਨੇ ਇੱਕ ਬਦਲਵਾਂ ਰੁੱਖ ਖ਼ਰੀਦਿਆ ਅਤੇ ਲਗਾਇਆ ਹੈ।

---

## WA ਟ੍ਰੀ ਰਿਕਵਰੀ ਪ੍ਰੋਗਰਾਮ - ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

$150 ਤੱਕ ਦੀ ਛੋਟ ਦੇ ਹੱਕਦਾਰ ਬਣਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ ਇਹ ਹੋਣਾ ਚਾਹੀਦਾ ਹੈ:

- ਵੈਸਟਰਨ ਆਸਟ੍ਰੇਲੀਆ ਦੇ ਵਸਨੀਕ ਹੋਵੋ
- ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ
- PSHB ਕਾਰਨ ਪ੍ਰਾਇਮਰੀ ਉਦਯੋਗ ਅਤੇ ਖੇਤਰੀ ਵਿਕਾਸ ਵਿਭਾਗ (DPIRD) ਦੀ ਪ੍ਰਵਾਨਗੀ ਅਧੀਨ ਇੱਕ ਰੁੱਖ ਹਟਾ ਦਿੱਤਾ ਗਿਆ ਹੈ
- ਆਪਣੀ ਨਿੱਜੀ ਜਾਇਦਾਦ 'ਤੇ ਇੱਕ ਯੋਗ ਬਦਲਵਾਂ ਰੁੱਖ ਖ਼ਰੀਦਿਆ ਅਤੇ ਲਗਾਇਆ ਹੈ।

## ਦਾਅਵਾ ਕਰਨ ਬਾਰੇ ਹਦਾਇਤਾਂ

ਇਸ ਫਾਰਮ ਦੀ ਵਰਤੋਂ ਆਪਣੀ WA ਟ੍ਰੀ ਰਿਕਵਰੀ ਛੋਟ ਦਾ ਦਾਅਵਾ ਅਤੇ ਜਮ੍ਹਾਂ ਕਰਨ ਲਈ ਕਰੋ, ਨਾਲ ਹੀ ਪਛਾਣ ਦੇ 100-ਪੁਆਇੰਟਾਂ ਦੀਆਂ ਨਕਲਾਂ ਵੀ ਡਾਕ ਰਾਹੀਂ ਇੱਥੇ ਭੇਜੋ:

**WA Tree Recovery**
**Waivpay Limited**
**PO Box R1691**
**Royal Exchange NSW 1225**

## ਇਸ ਫਾਰਮ ਨੂੰ ਭਰਨ ਲਈ ਤੁਹਾਨੂੰ ਲੋੜ ਪਵੇਗੀ:

1. DPIRD ਦੁਆਰਾ ਪ੍ਰਦਾਨ ਕੀਤਾ ਤੁਹਾਡਾ ਰੁੱਖ ਦਾ ਵਿਲੱਖਣ ਪਛਾਣ ਨੰਬਰ
2. ਤੁਹਾਡੇ ਰੁੱਖ ਦੇ ਲੇਬਲ ਦੀ ਨਕਲ ਜੋ ਖ਼ਰੀਦੇ ਗਏ ਬਦਲਵੇਂ ਰੁੱਖ ਦਾ ਵਿਗਿਆਨਕ ਜਾਂ ਆਮ ਨਾਮ ਦਰਸਾਉਂਦੀ ਹੈ
3. ਤੁਹਾਡਾ ਵੇਰਵੇ ਵਾਲਾ ਟੈਕਸ ਬਿੱਲ (ਜੋ ਕਾਰੋਬਾਰ ਦਾ ਨਾਮ, ਆਸਟ੍ਰੇਲੀਆ ਦਾ ਕਾਰੋਬਾਰੀ ਨੰਬਰ (ABN), ਬਿੱਲ ਨੰਬਰ, ਕੁੱਲ ਮੁੱਲ (GST ਸਮੇਤ), ਖ਼ਰੀਦ ਦੀ ਤਾਰੀਖ਼, ਰੁੱਖ ਅਤੇ ਲਗਾਉਣ ਵਾਲੀਆਂ ਚੀਜ਼ਾਂ ਦਾ ਵੇਰਵਾ ਦਿਖਾ ਰਿਹਾ ਹੈ)
4. ਤੁਹਾਡੇ ਰੁੱਖ ਦੀ ਖ਼ਰੀਦ 'ਤੇ ਖਰਚ ਕੀਤੀ ਗਈ ਰਕਮ, ਖ਼ਰੀਦੇ ਗਏ ਰੁੱਖ ਦੀ ਕਿਸਮ, ਲਗਾਉਣ ਦੀਆਂ ਚੀਜ਼ਾਂ 'ਤੇ ਖਰਚ ਕੀਤੀ ਗਈ ਰਕਮ, ਖ਼ਰੀਦੀਆਂ ਗਈਆਂ ਲਗਾਉਣ ਵਾਲੀਆਂ ਚੀਜ਼ਾਂ ਦੀ ਕਿਸਮ, ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਦਾ ਨਾਮ ਜਿੱਥੇ ਤੁਸੀਂ ਆਪਣਾ ਰੁੱਖ ਅਤੇ ਲਗਾਉਣ ਵਾਲੀਆਂ ਚੀਜ਼ਾਂ ਖ਼ਰੀਦੀਆਂ ਸਨ
5. ਬੈਂਕ ਖਾਤੇ ਦੇ ਵੇਰਵੇ ਜਿੱਥੇ ਤੁਹਾਡਾ ਭੁਗਤਾਨ ਜਮ੍ਹਾਂ ਕੀਤਾ ਜਾਵੇਗਾ
6. ਤੁਹਾਡੀ ਪਛਾਣ ਦਾ ਸਬੂਤ, 100-ਪੁਆਇੰਟ ਪਛਾਣ ਦੀ ਜਾਂਚ ਦੇ ਅਧਾਰ ‘ਤੇ।

WA ਟ੍ਰੀ ਰਿਕਵਰੀ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਵਾਸਤੇ, ਜਿਸ ਵਿੱਚ ਤੁਹਾਡੀ 100-ਪੁਆਇੰਟ ਪਛਾਣ ਵਾਸਤੇ ਯੋਗ ਦਸਤਾਵੇਜ਼ ਵੀ ਸ਼ਾਮਲ ਹਨ, ਕਿਰਪਾ ਕਰਕੇ ਇੱਥੇ ਜਾਓ: WA ਟ੍ਰੀ ਰਿਕਵਰੀ | ਵੈਸਟਰਨ ਆਸਟ੍ਰੇਲੀਆ ਦੀ ਸਰਕਾਰ

ਜਾਂ ਸੰਪਰਕ ਈਮੇਲ: treerecovery@dwer.wa.gov.au
ਫ਼ੋਨ: 6364 7000

## WA ਟ੍ਰੀ ਰਿਕਵਰੀ ਪ੍ਰੋਗਰਾਮ ਦੇ ਨਿਯਮ ਅਤੇ ਸ਼ਰਤਾਂ

ਇਹ ਪ੍ਰੋਗਰਾਮ DWER ਅਤੇ ਵੇਵਪੇਅ ਲਿਮਟਿਡ (**ਵੇਵਪੇਅ**) ਦੁਆਰਾ ਮਿਲ ਕੇ 'ਪ੍ਰਸ਼ਾਸਕਾਂ' ਵਜੋਂ ਚਲਾਇਆ ਜਾ ਰਿਹਾ ਹੈ।

- ਇਹ ਨਿਯਮ ਅਤੇ ਸ਼ਰਤਾਂ (ਨਿਯਮ) ਪ੍ਰੋਗਰਾਮ ਦੇ ਪ੍ਰਸ਼ਾਸਕਾਂ ਅਤੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਵਿਚਕਾਰ ਇਕਰਾਰਨਾਮਾ ਬਣਾਉਂਦੀਆਂ ਹਨ, ਜਿਨ੍ਹਾਂ ਨੂੰ ਬਾਅਦ ਵਿੱਚ 'ਤੁਸੀਂ', 'ਤੁਹਾਡਾ', 'ਉਨ੍ਹਾਂ ਦਾ', ਜਾਂ 'ਵਸਨੀਕ' ਕਿਹਾ ਜਾਂਦਾ ਹੈ।
- ਕਿਰਪਾ ਕਰਕੇ ਆਪਣਾ ਰੁੱਖ ਖ਼ਰੀਦਣ ਅਤੇ ਆਪਣਾ ਦਾਅਵਾ ਜਮ੍ਹਾਂ ਕਰਨ ਤੋਂ ਪਹਿਲਾਂ ਇਨ੍ਹਾਂ ਸ਼ਰਤਾਂ ਨੂੰ ਧਿਆਨ ਨਾਲ ਪੜ੍ਹੋ ਕਿਉਂਕਿ ਇਹਨਾਂ ਸ਼ਰਤਾਂ ਵਿੱਚ ਪ੍ਰੋਗਰਾਮ ਦੇ ਅਧੀਨ ਛੋਟਾਂ ਦੀ ਪ੍ਰਵਾਨਗੀ ਅਤੇ ਪੂਰਤੀ ਬਾਰੇ ਮਹੱਤਵਪੂਰਨ ਜਾਣਕਾਰੀ ਹੁੰਦੀ ਹੈ।
- ਵੈਸਟਰਨ ਆਸਟ੍ਰੇਲੀਆ ਰਾਜ (ਰਾਜ) ਜਾਂ DWER ਕਿਸੇ ਵੀ ਸਮੇਂ ਇਹਨਾਂ ਸ਼ਰਤਾਂ ਵਿੱਚ ਸੋਧ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।
- ਤੁਸੀਂ ਸਵੀਕਾਰ ਕਰਦੇ ਹੋ ਕਿ ਪ੍ਰੋਗਰਾਮ ਸਮੇਂ-ਸਮੇਂ 'ਤੇ ਬਦਲ ਸਕਦਾ ਹੈ ਜਾਂ ਰਾਜ ਜਾਂ DWER ਦੀ ਆਪਣੀ ਮਰਜ਼ੀ ਅਨੁਸਾਰ ਪੂਰੀ ਤਰ੍ਹਾਂ ਰੱਦ ਕੀਤਾ ਜਾ ਸਕਦਾ ਹੈ।
- ਪ੍ਰੋਗਰਾਮ ਰਾਹੀਂ ਦਾਅਵਾ ਜਮ੍ਹਾਂ ਕਰਨ 'ਤੇ ਤੁਸੀਂ ਸਵੀਕਾਰ ਕਰਦੇ ਹੋ ਕਿ ਤੁਸੀਂ ਇਹਨਾਂ ਸ਼ਰਤਾਂ ਨੂੰ ਪੜ੍ਹ ਲਿਆ ਹੈ ਅਤੇ ਇਨ੍ਹਾਂ ਦੀ ਪਾਲਣਾ ਕਰਨ ਲਈ ਸਹਿਮਤ ਹੋ।

## ਪ੍ਰੋਗਰਾਮ ਦੀ ਮਿਆਦ

- ਪ੍ਰੋਗਰਾਮ ਸੋਮਵਾਰ 28 ਜੁਲਾਈ 2025 ਨੂੰ ਸਵੇਰੇ 9:00 ਵਜੇ ਤੋਂ 31 ਦਸੰਬਰ 2028 ਤੱਕ ਖੁੱਲ੍ਹਾ ਹੈ।

## ਯੋਗਤਾ ਦੀਆਂ ਸ਼ਰਤਾਂ

- $150 ਤੱਕ ਦੀ ਛੋਟ ਦੇ ਹੱਕਦਾਰ ਹੋਣ ਲਈ ਤੁਹਾਨੂੰ ਵੈਸਟਰਨ ਆਸਟ੍ਰੇਲੀਆ ਦਾ ਵਸਨੀਕ ਹੋਣਾ ਚਾਹੀਦਾ ਹੈ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ, ਅਤੇ
  > PSHB ਦੇ ਕਾਰਨ ਪ੍ਰਾਇਮਰੀ ਉਦਯੋਗ ਅਤੇ ਖੇਤਰੀ ਵਿਕਾਸ ਵਿਭਾਗ (DPIRD) ਦੀ ਪ੍ਰਵਾਨਗੀ ਅਧੀਨ ਤੁਹਾਡੀ ਨਿੱਜੀ ਜਾਇਦਾਦ ਤੋਂ ਇੱਕ ਰੁੱਖ ਹਟਾ ਦਿੱਤਾ ਗਿਆ ਹੈ
  > ਆਪਣੀ ਨਿੱਜੀ ਜਾਇਦਾਦ 'ਤੇ ਇੱਕ ਯੋਗ ਬਦਲਵਾਂ ਰੁੱਖ ਖ਼ਰੀਦਿਆ ਅਤੇ ਲਗਾਇਆ ਹੈ।
- ਪ੍ਰੋਗਰਾਮ ਦੇ ਉਦੇਸ਼ਾਂ ਲਈ, ਇੱਕ ਯੋਗ ਰੁੱਖ ਨੂੰ ਵੱਡਾ ਹੋਣ 'ਤੇ ਤਿੰਨ ਮੀਟਰ ਤੋਂ ਵੱਧ ਉਚਾਈ ਵਾਲੇ ਵਜੋਂ ਪ੍ਰਭਾਸ਼ਿਤ ਕੀਤਾ ਗਿਆ ਹੈ ਅਤੇ ਜਿਸ ਦੀ ਪਛਾਣ *ਬਾਇਓਸਕਿਓਰਿਟੀ ਐਂਡ ਐਗਰੀਕਲਚਰ ਮੈਨੇਜਮੈਂਟ ਐਕਟ 2007* ਦੇ ਅਧੀਨ ਨਦੀਨ ਜਾਂ ਘੋਸ਼ਿਤ ਹਾਨੀਕਾਰਕ ਪੌਦੇ ਵਜੋਂ ਨਹੀਂ ਕੀਤੀ ਗਈ ਹੈ।
- PSHB ਪ੍ਰਤੀ ਬਹੁਤ ਜ਼ਿਆਦਾ ਸੰਵੇਦਨਸ਼ੀਲਤਾ ਦੇ ਕਾਰਨ, ਹੇਠ ਲਿਖੇ ਰੁੱਖਾਂ ਦੀਆਂ ਕਿਸਮਾਂ ਲਈ ਦਾਅਵੇ ਸਵੀਕਾਰ ਨਹੀਂ ਕੀਤੇ ਜਾਣਗੇ:
  > ਬੌਕਸ ਐਲਡਰ ਮੈਪਲ (*ਐਸਰ ਨੇਗੁੰਡੋ*)
  > ਕੋਰਲ ਟ੍ਰੀ (*ਐਰੀਥ੍ਰੀਨਾ ਐਕਸ ਸਾਈਕੇਸੀ*)
  > ਰੋਬੀਨੀਆ, ਬਲੈਕ ਲੋਕਸਟ, ਮੌਪ ਟੌਪ (*ਰੋਬੀਨੀਆ ਸਿਊਡੋਕੈਸੀਆ*)।
- ਤੁਹਾਡੇ ਰੁੱਖ ਦੀ ਖ਼ਰੀਦ ਦੀ ਲਾਗਤ ਤੋਂ ਇਲਾਵਾ, ਹੇਠ ਲਿਖੀਆਂ ਯੋਗ ਲਗਾਉਣ ਵਾਲੀਆਂ ਚੀਜ਼ਾਂ ਨੂੰ ਵੀ $150 ਤੱਕ ਦੇ ਤੁਹਾਡੇ ਛੋਟ ਦੇ ਦਾਅਵੇ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ:
  > ਮਿੱਟੀ
  > ਮਿੱਟੀ ਸੁਧਾਰਕ
  > ਖਾਦ
  > ਮਲਚ
  > ਮਿੱਟੀ ਨੂੰ ਗਿੱਲਾ ਰੱਖਣ ਵਾਲਾ ਏਜੰਟ
  > ਟ੍ਰੀ ਸੁਪੋਰਟਾਂ (ਡੰਡੀਆਂ ਅਤੇ ਗਾਰਡ)
  > ਵਾਧੂ ਯੋਗ ਰੁੱਖ।
- ਛੋਟਾਂ ਸਿਰਫ ਵੈਸਟਰਨ ਆਸਟ੍ਰੇਲੀਆ ਵਿੱਚ ਸਥਿਤ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਤੋਂ ਇੱਕ ਲੈਣ-ਦੇਣ ਵਿੱਚ ਯੋਗ ਰੁੱਖਾਂ ਅਤੇ ਲਗਾਉਣ ਵਾਲੀਆਂ ਚੀਜ਼ਾਂ ਦੀ ਖ਼ਰੀਦ ਲਈ ਉਪਲਬਧ ਹਨ।
- ਛੋਟਾਂ ਲਗਾਉਣ ਵਾਲੀਆਂ ਚੀਜ਼ਾਂ ਲਈ ਤਾਂ ਹੀ ਉਪਲਬਧ ਹਨ ਜੇ ਯੋਗ ਰੁੱਖਾਂ ਦੀ ਖ਼ਰੀਦ ਦੇ ਨਾਲ ਹੋਣ। ਇਕੱਲੀਆਂ ਲਗਾਉਣ ਵਾਲੀਆਂ ਚੀਜ਼ਾਂ ਲਈ ਦਾਅਵੇ ਸਵੀਕਾਰ ਨਹੀਂ ਕੀਤੇ ਜਾਣਗੇ।
- ਛੋਟ ਦਾ ਦਾਅਵਾ ਕੇਵਲ ਤੁਹਾਡੇ ਦੁਆਰਾ ਰੁੱਖ ਨੂੰ ਖ਼ਰੀਦਣ ਅਤੇ ਲਗਾਉਣ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ।
- ਉਹ ਵਸਨੀਕ ਜਿਨ੍ਹਾਂ ਦਾ 18 ਨਵੰਬਰ 2021 ਅਤੇ 28 ਜੁਲਾਈ 2025 (ਪ੍ਰੋਗਰਾਮ ਲਾਂਚ ਦੀ ਤਾਰੀਖ਼) ਦੇ ਵਿਚਕਾਰ ਇੱਕ ਰੁੱਖ ਹਟਾ ਦਿੱਤਾ ਗਿਆ ਸੀ, ਅਤੇ ਜੋ ਪ੍ਰੋਗਰਾਮ ਯੋਗਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਪਰ ਜਿਨ੍ਹਾਂ ਕੋਲ ਹੁਣ ਉਨ੍ਹਾਂ ਦਾ ਟੈਕਸ ਬਿੱਲ ਜਾਂ ਰੁੱਖ ਦਾ ਲੇਬਲ ਨਹੀਂ ਹੈ, ਉਹ $75 'ਸੀਮਤ' ਛੋਟ ਲਈ ਯੋਗ ਹਨ।
- ਸੀਮਤ ਛੋਟ ਲਈ ਯੋਗ ਵਸਨੀਕਾਂ ਨੂੰ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਪਹਿਲਾਂ ਵਾਲੇ ਹਫ਼ਤੇ ਵਿੱਚ DPIRD ਵੱਲੋਂ ਇੱਕ ਚਿੱਠੀ ਭੇਜੀ ਗਈ ਹੈ ਜਿਸ ਵਿੱਚ ਸਲਾਹ ਦਿੱਤੀ ਗਈ ਹੈ ਕਿ ਉਨ੍ਹਾਂ ਨੇ ਛੋਟ ਦਾ ਦਾਅਵਾ ਕਿਵੇਂ ਕਰਨਾ ਹੈ। ਇਸ ਚਿੱਠੀ ਵਿੱਚ ਵਿਕਲਪਕ ਟੈਕਸ ਬਿੱਲ ਅਤੇ ਬਦਲਵੇਂ ਰੁੱਖ ਦੇ ਲੇਬਲ ਸ਼ਾਮਲ ਸਨ ਜੋ ਦਾਅਵੇ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਪ੍ਰਦਾਨ ਕੀਤੇ ਜਾਣੇ ਹਨ।
- ਜੇ ਤੁਸੀਂ ਜਾਇਦਾਦ ਦੇ ਮਾਲਕ ਨਹੀਂ ਹੋ, ਤਾਂ ਰੁੱਖ ਲਗਾਉਣ ਲਈ ਜਾਇਦਾਦ ਦੇ ਮਾਲਕ ਜਾਂ ਏਜੰਟ ਦੀ ਲਿਖਤੀ ਸਹਿਮਤੀ ਪ੍ਰਾਪਤ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।
- ਰੁੱਖ ਦੀ ਚੋਣ, ਲਗਾਉਣਾ ਅਤੇ ਦੇਖਭਾਲ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਤੁਸੀਂ DWER ਅਤੇ ਰਾਜ ਨੂੰ ਕਿਸੇ ਯੋਗ ਬਦਲਵੇਂ ਰੁੱਖ ਅਤੇ/ਜਾਂ ਯੋਗ ਲਗਾਉਣ ਵਾਲੀਆਂ ਚੀਜ਼ਾਂ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਨੁਕਸਾਨ, ਦਾਅਵੇ ਜਾਂ ਦੇਣਦਾਰੀ ਤੋਂ ਮੁਕਤ ਕਰਨ ਅਤੇ ਮੁਆਵਜ਼ਾ ਦੇਣ ਅਤੇ ਮੁਕਤ ਰੱਖਣ ਲਈ ਸਹਿਮਤ ਹੁੰਦੇ ਹੋ ਜੋ ਇਸ ਛੋਟ ਦਾ ਵਿਸ਼ਾ ਹਨ, ਸਿਵਾਏ ਇਸ ਹੱਦ ਤੱਕ ਕਿ ਅਜਿਹਾ ਨੁਕਸਾਨ, ਦਾਅਵਾ ਜਾਂ ਦੇਣਦਾਰੀ DWER ਜਾਂ ਰਾਜ ਦੀ ਲਾਪਰਵਾਹੀ ਜਾਂ ਕਾਨੂੰਨ ਦੀ ਉਲੰਘਣਾ ਕਾਰਨ ਹੁੰਦੀ ਹੈ।

## ਛੋਟ ਦਾ ਦਾਅਵਾ ਕਰਨਾ

- ਛੋਟ ਲਈ ਵਿਚਾਰੇ ਜਾਣ ਲਈ, ਤੁਹਾਨੂੰ ਹੇਠ ਲਿਖੇ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੋਵੇਗੀ: DPIRD ਦੁਆਰਾ ਦਿੱਤਾ ਗਿਆ ਤੁਹਾਡਾ ਰੁੱਖ ਦਾ ਵਿਲੱਖਣ ਪਛਾਣ ਨੰਬਰ, ਤੁਹਾਡੇ ਰੁੱਖ ਦੀ ਖ਼ਰੀਦ 'ਤੇ ਖਰਚ ਕੀਤੀ ਗਈ ਰਕਮ, ਖ਼ਰੀਦੇ ਗਏ ਰੁੱਖਾਂ ਦੀਆਂ ਕਿਸਮ, ਲਗਾਉਣ ਵਾਲੀਆਂ ਚੀਜ਼ਾਂ 'ਤੇ ਖਰਚ ਕੀਤੀ ਗਈ ਰਕਮ, ਖ਼ਰੀਦੀਆਂ ਗਈਆਂ ਲਗਾਉਣ ਵਾਲੀਆਂ ਚੀਜ਼ਾਂ ਦੀ ਕਿਸਮ, ਉਸ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਦਾ ਨਾਮ ਜਿਸ ਤੋਂ ਤੁਸੀਂ ਆਪਣਾ ਰੁੱਖ ਅਤੇ ਲਗਾਉਣ ਵਾਲੀਆਂ ਚੀਜ਼ਾਂ ਖ਼ਰੀਦੀਆਂ ਸਨ, ਤੁਹਾਡੀ ਜਨਮ ਤਾਰੀਖ਼, ਪੋਸਟਕੋਡ, ਈਮੇਲ ਪਤਾ ਅਤੇ ਬੈਂਕ ਖਾਤੇ ਦੇ ਵੇਰਵੇ।
- ਤੁਹਾਨੂੰ ਆਪਣੇ ਪੌਦੇ ਦੇ ਲੇਬਲ ਦੀ ਇੱਕ ਫੋਟੋ ਜਾਂ ਸਕੈਨ ਪ੍ਰਦਾਨ ਕਰਨ ਕਰਨ ਦੀ ਵੀ ਲੋੜ ਹੋਵੇਗੀ ਜਿਸ ਵਿੱਚ ਖ਼ਰੀਦੇ ਗਏ ਬਦਲਵੇਂ ਰੁੱਖ ਦਾ ਵਿਗਿਆਨਕ ਜਾਂ ਆਮ ਨਾਮ, ਤੁਹਾਡਾ ਵੇਰਵੇ ਵਾਲਾ ਬਿੱਲ ਅਤੇ ਪ੍ਰੋਗਰਾਮ ਦੀਆਂ ਸ਼ਰਤਾਂ ਨਾਲ ਸਹਿਮਤ ਹੋਣਾ ਹੋਵੇਗਾ।
- ਦਾਅਵਾ ਕਰਨ ਲਈ ਇੱਕ ਵੇਰਵੇ ਵਾਲਾ ਟੈਕਸ ਬਿੱਲ ਪ੍ਰਾਪਤ ਕਰਨਾ ਲਾਜ਼ਮੀ ਹੈ। ਵੇਰਵੇ ਵਾਲੇ ਟੈਕਸ ਬਿੱਲ ਵਿੱਚ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਦਾ ਕਾਰੋਬਾਰੀ ਵਪਾਰ ਦਾ ਨਾਮ ਅਤੇ ਆਸਟ੍ਰੇਲੀਆ ਦਾ ਬਿਜ਼ਨਸ ਨੰਬਰ (ABN), ਕੁੱਲ ਮੁੱਲ (GST ਸਮੇਤ), ਖ਼ਰੀਦ ਦੀ ਤਾਰੀਖ਼ ਅਤੇ ਖ਼ਰੀਦੇ ਗਏ ਰੁੱਖ ਅਤੇ ਲਗਾਉਣ ਵਾਲੀਆਂ ਚੀਜ਼ਾਂ ਦੇ ਵੇਰਵੇ ਸ਼ਾਮਲ ਹੋਣੇ ਚਾਹੀਦੇ ਹਨ।
- ਹੱਥ ਲਿਖਤ ਟੈਕਸ ਬਿੱਲ ਸਵੀਕਾਰ ਨਹੀਂ ਕੀਤੇ ਜਾਣਗੇ। ਇਸ ਵਿੱਚ ਟੈਕਸ ਬਿੱਲ ਵਿੱਚ ਹੱਥ ਨਾਲ ਕੀਤੇ ਵਾਧੇ ਸ਼ਾਮਲ ਹਨ ਜਿਵੇਂ ਕਿ ਹੱਥ ਲਿਖਤ ਤਾਰੀਖ਼ ਜਾਂ ABN, ਇਸ ਲਈ ਤੁਹਾਨੂੰ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਨੂੰ ਯੋਗ ਦਾਅਵਾ ਜਮ੍ਹਾਂ ਕਰਨ ਲਈ ਪੂਰੀ ਤਰ੍ਹਾਂ ਡਿਜ਼ੀਟਾਈਜ਼ਡ, ਵੇਰਵੇ ਵਾਲਾ ਟੈਕਸ ਬਿੱਲ ਪ੍ਰਦਾਨ ਕਰਨ ਲਈ ਕਹਿਣ ਦੀ ਲੋੜ ਹੋਵੇਗੀ।
- ਯੋਗ ਦਾਅਵਾ ਜਮ੍ਹਾਂ ਕਰਨ ਲਈ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਤੋਂ ਸਹੀ ਟੈਕਸ ਬਿੱਲ ਪ੍ਰਾਪਤ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। EFTPOS ਰਸੀਦਾਂ ਅਤੇ ਬੈਂਕ ਲੈਣ-ਦੇਣ ਦੇ ਸਕ੍ਰੀਨਸ਼ਾਟ ਵਰਗੇ ਬਦਲ ਯੋਗ ਨਹੀਂ ਹਨ ਅਤੇ ਦਾਅਵਾ ਜਮ੍ਹਾਂ ਕਰਦੇ ਸਮੇਂ ਇਹਨਾਂ ਨੂੰ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।
- ਟੈਕਸ ਬਿੱਲ ਅੰਗਰੇਜ਼ੀ ਵਿੱਚ ਹੋਣੇ ਚਾਹੀਦੇ ਹਨ। ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਟੈਕਸ ਬਿੱਲ ਸਵੀਕਾਰ ਨਹੀਂ ਕੀਤੇ ਜਾਣਗੇ।
- ਪ੍ਰਤੀ ਦਾਅਵੇ ਲਈ ਸਿਰਫ ਇੱਕ ਟੈਕਸ ਬਿੱਲ ਪ੍ਰਦਾਨ ਕੀਤਾ ਜਾ ਸਕਦਾ ਹੈ।
- ਪ੍ਰੋਗਰਾਮ ਦੇ ਅਧੀਨ ਸਫਲ ਦਾਅਵੇ ਤੋਂ ਬਾਅਦ ਤੁਸੀਂ ਸਰਵਿਸWA ਰਾਹੀਂ ਜਾਂ ਰਾਜ ਦੁਆਰਾ ਹੁਣ ਜਾਂ ਭਵਿੱਖ ਵਿੱਚ ਕਿਸੇ ਹੋਰ ਪੇਸ਼ਕਸ਼ ਦੇ ਅਧੀਨ ਦਾਅਵਾ ਕਰਨ ਲਈ ਉਸੇ ਟੈਕਸ ਬਿੱਲ ਦੀ ਵਰਤੋਂ ਨਹੀਂ ਕਰ ਸਕਦੇ।

- ਜੇ $150 ਦੀ ਵੱਧ ਤੋਂ ਵੱਧ ਛੋਟ ਦਾ ਦਾਅਵਾ ਕੀਤਾ ਗਿਆ ਹੈ, ਤਾਂ ਉਸੇ ਟੈਕਸ ਬਿੱਲ ਨੂੰ ਕਿਸੇ ਹੋਰ ਵਿਅਕਤੀ ਦੁਆਰਾ ਟੈਕਸ ਬਿੱਲ 'ਤੇ ਰਹਿੰਦੀ ਬਾਕੀ ਰਕਮ ਦਾ ਦਾਅਵਾ ਕਰਨ ਲਈ ਦੁਬਾਰਾ ਜਮ੍ਹਾਂ ਨਹੀਂ ਕੀਤਾ ਜਾ ਸਕਦਾ।
- ਛੋਟ EFT ਰਾਹੀਂ ਆਸਟ੍ਰੇਲੀਆ ਦੇ ਇੱਕ ਨਾਮਜ਼ਦ ਬੈਂਕ ਖਾਤੇ ਵਿੱਚ ਤਬਦੀਲ ਕੀਤੀ ਜਾਵੇਗੀ।
- ਛੋਟ ਲਈ ਅਰਜ਼ੀ ਦਿੰਦੇ ਸਮੇਂ ਤੁਹਾਨੂੰ ਵਾਪਸੀ ਦੇ ਭੁਗਤਾਨ ਲਈ ਆਸਟ੍ਰੇਲੀਆ ਦੇ ਬੈਂਕ ਖਾਤੇ ਦੇ ਵੇਰਵੇ ਪ੍ਰਦਾਨ ਕਰਨੇ ਚਾਹੀਦੇ ਹਨ। ਬੈਂਕ ਖਾਤੇ ਦੇ ਵੇਰਵਿਆਂ ਦੀ ਜਾਂਚ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿਉਂਕਿ ਜੇ ਛੋਟ ਦਾ ਭੁਗਤਾਨ ਗਲਤ ਬੈਂਕ ਖਾਤੇ ਵਿੱਚ ਕੀਤਾ ਜਾਂਦਾ ਹੈ ਤਾਂ ਪ੍ਰਸ਼ਾਸਕ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦੇ।
- ਛੋਟਾਂ ਅੰਤਰਰਾਸ਼ਟਰੀ ਬੈਂਕ ਟ੍ਰਾਂਸਫਰ ਰਾਹੀਂ ਨਹੀਂ ਦਿੱਤੀਆਂ ਜਾਣਗੀਆਂ। ਜੇ ਪ੍ਰਦਾਨ ਕੀਤੇ ਗਏ ਬੈਂਕ ਖਾਤੇ ਦੇ ਵੇਰਵੇ ਕਿਸੇ ਬੈਂਕ ਦੇ ਹਨ ਜੋ ਆਸਟ੍ਰੇਲੀਆ ਵਿੱਚ ਕੰਮ ਨਹੀਂ ਕਰ ਰਿਹਾ ਹੈ, ਤਾਂ ਦਾਅਵਾ ਸਵੀਕਾਰ ਨਹੀਂ ਕੀਤਾ ਜਾਵੇਗਾ।
- ਪ੍ਰਸ਼ਾਸਕ ਆਪਣੀ ਪੂਰੀ ਮਰਜ਼ੀ ਨਾਲ ਛੋਟ ਲਈ ਅਰਜ਼ੀ ਨੂੰ ਮਨਜ਼ੂਰ ਜਾਂ ਇਨਕਾਰ ਕਰ ਸਕਦੇ ਹਨ।
- ਪ੍ਰਸ਼ਾਸਕ ਉਹਨਾਂ ਦਾਅਵਾ ਫਾਰਮਾਂ ਵਾਸਤੇ ਕੋਈ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦੇ ਜੋ ਡਾਕ ਵਿੱਚ ਗੁੰਮ ਹੋ ਜਾਂਦੇ ਹਨ, ਦੇਰੀ ਹੋ ਜਾਂਦੀ ਹੈ, ਜਾਂ ਮਿਲਦੇ ਨਹੀਂ ਹਨ। ਡਾਕ ਅਤੇ ਪਹੁੰਚਾਉਣ ਨਾਲ ਜੁੜੇ ਸਾਰੇ ਖ਼ਤਰੇ ਪੂਰੀ ਤਰ੍ਹਾਂ ਤੁਹਾਡੇ ਹਨ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਦਾਅਵੇ ਨੂੰ ਭੇਜਣ ਲੱਗਿਆਂ ਸਹੀ ਢੰਗ ਨਾਲ ਪਤਾ ਲਿਖਿਆ ਗਿਆ ਹੈ।
- ਦਸਤੀ ਦਾਅਵਾ ਫਾਰਮਾਂ ਦੇ ਨਾਲ ਪਛਾਣ ਦਸਤਾਵੇਜ਼ਾਂ ਦਾ ਉਚਿਤ ਸਬੂਤ ਹੋਣਾ ਲਾਜ਼ਮੀ ਹੈ। ਪਛਾਣ ਦੀ ਤਸਦੀਕ 100-ਪੁਆਇੰਟ ਪਛਾਣ ਜਾਂਚ ਪ੍ਰਣਾਲੀ ਦੇ ਅਨੁਸਾਰ ਕੀਤੀ ਜਾਵੇਗੀ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਸਾਰੇ ਜਮ੍ਹਾਂ ਕੀਤੇ ਪਛਾਣ ਦਸਤਾਵੇਜ਼ ਅਸਲ ਦਸਤਾਵੇਜ਼ਾਂ ਦੀਆਂ ਸਪੱਸ਼ਟ ਅਤੇ ਸਹੀ ਨਕਲਾਂ ਹਨ। ਗੁੰਮਸ਼ੁਦਾ, ਅਯੋਗ, ਜਾਂ ਅਸਪਸ਼ਟ ਪਛਾਣ ਦਸਤਾਵੇਜ਼ਾਂ ਨਾਲ ਜਮ੍ਹਾਂ ਕੀਤੇ ਦਾਅਵਿਆਂ 'ਤੇ ਕਾਰਵਾਈ ਨਹੀਂ ਕੀਤੀ ਜਾਵੇਗੀ।
- ਤੁਹਾਨੂੰ ਲਾਜ਼ਮੀ ਤੌਰ 'ਤੇ ਕੋਈ ਝੂਠਾ ਦਾਅਵਾ ਜਮ੍ਹਾਂ ਨਹੀਂ ਕਰਨਾ ਚਾਹੀਦਾ ਜਾਂ ਪ੍ਰਸ਼ਾਸਕਾਂ ਨੂੰ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਨਹੀਂ ਕਰਨੀ ਚਾਹੀਦੀ ਜਾਂ ਇਹਨਾਂ ਵਿੱਚੋਂ ਕਿਸੇ ਵੀ ਸ਼ਰਤਾਂ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਇਸ ਲੋੜ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣਾ ਇੱਕ ਅਪਰਾਧਿਕ ਜ਼ੁਰਮ ਹੋ ਸਕਦਾ ਹੈ ਅਤੇ/ਜਾਂ ਤੁਹਾਨੂੰ ਛੋਟ ਦੀ ਰਕਮ ਵਾਪਸ ਕਰਨ ਦੀ ਲੋੜ ਪੈ ਸਕਦੀ ਹੈ ਜੋ ਮੰਗ ਕਰਨ 'ਤੇ ਤੁਹਾਡੇ ਦੁਆਰਾ ਬਕਾਇਆ ਅਤੇ ਭੁਗਤਾਨਯੋਗ ਕਰਜ਼ਾ ਸਮਝੀ ਜਾਵੇਗੀ।

## ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨਾ ਅਤੇ ਪ੍ਰਬੰਧਨ ਕਰਨਾ

- ਪ੍ਰੋਗਰਾਮ ਵਾਸਤੇ ਤੁਹਾਡੇ ਛੋਟ ਦੇ ਦਾਅਵੇ ਦਾ ਮੁਲਾਂਕਣ ਕਰਨ ਲਈ, DWER ਦਾ ਤੀਜੀ ਧਿਰ ਦਾ ਪ੍ਰਦਾਤਾ, ਵੇਵਪੇਅ, ਛੋਟ ਦੇ ਦਾਅਵਿਆਂ, ਪ੍ਰੋਗਰਾਮ ਪ੍ਰਸ਼ਾਸਨ ਅਤੇ ਪ੍ਰੋਗਰਾਮ ਸਮੀਖਿਆ ਦਾ ਮੁਲਾਂਕਣ ਕਰਨ ਦੇ ਉਦੇਸ਼ਾਂ ਲਈ ਤੁਹਾਡੇ ਕੋਲੋਂ ਨਿੱਜੀ ਜਾਣਕਾਰੀ ਇਕੱਤਰ ਕਰੇਗਾ।
- ਛੋਟ ਦਾਅਵਾ ਫਾਰਮ ਵਿੱਚ ਇਕੱਤਰ ਕੀਤੀ ਜਾਣਕਾਰੀ ਦੀ ਵਰਤੋਂ ਵੇਵਪੇਅ ਦੁਆਰਾ ਹੇਠ ਲਿਖਿਆਂ ਲਈ ਕੀਤੀ ਜਾਵੇਗੀ:
  - ਤੁਹਾਡੀ ਪਛਾਣ ਦੀ ਪੁਸ਼ਟੀ ਕਰਨ ਲਈ
  - ਛੋਟ ਪ੍ਰਾਪਤ ਕਰਨ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨ ਲਈ
  - ਤੁਹਾਡੇ ਦਾਅਵੇ ਬਾਰੇ ਲੋੜ ਪੈਣ 'ਤੇ ਤੁਹਾਡੇ ਨਾਲ ਸੰਪਰਕ ਕਰਨ ਲਈ।
- ਤੁਹਾਡੀ ਜਾਣਕਾਰੀ ਦੀ ਵਰਤੋਂ ਦਾਅਵਿਆਂ ਬਾਰੇ ਰਿਪੋਰਟ ਕਰਨ ਦੇ ਉਦੇਸ਼ਾਂ ਲਈ ਜਾਂ ਸੇਵਾ ਦੀ ਦੁਰਵਰਤੋਂ ਜਾਂ ਦਾਅਵੇ ਦੀ ਪ੍ਰਕਿਰਿਆ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਨ ਲਈ ਅਤੇ ਕਾਨੂੰਨ ਦੁਆਰਾ ਲੋੜ ਅਨੁਸਾਰ ਜਾਂ ਅਧਿਕਾਰਤ ਹੋਣ ਲਈ ਵੀ ਕੀਤੀ ਜਾ ਸਕਦੀ ਹੈ।
- ਪ੍ਰੋਗਰਾਮ ਦੀ ਸਮਾਪਤੀ 'ਤੇ, ਤੁਹਾਡੇ ਬੈਂਕ ਖਾਤੇ ਦੇ ਵੇਰਵਿਆਂ ਸਮੇਤ ਤੁਹਾਡੇ ਛੋਟ ਦੇ ਦਾਅਵੇ ਬਾਰੇ ਸਾਰਾ ਰਿਕਾਰਡ DWER ਵਿੱਚ ਤਬਦੀਲ ਕਰ ਦਿੱਤਾ ਜਾਵੇਗਾ ਅਤੇ DWER ਦੁਆਰਾ *ਸਟੇਟ ਰਿਕਾਰਡਜ਼ ਐਕਟ 2000* ਦੇ ਅਧੀਨ ਆਪਣੀਆਂ ਡੈਟਾ ਰੱਖਣ ਦੀਆ ਲੋੜਾਂ ਦੇ ਅਨੁਸਾਰ ਸੁਰੱਖਿਅਤ ਤਰੀਕੇ ਨਾਲ ਸੰਭਾਲਿਆ ਜਾਵੇਗਾ ਜਿਸ ਤੋਂ ਬਾਅਦ ਰਿਕਾਰਡ ਨੂੰ ਨਸ਼ਟ ਕਰ ਦਿੱਤਾ ਜਾਵੇਗਾ।
- DWER ਸਿੱਧੀ ਮਾਰਕੀਟਿੰਗ ਜਾਂ ਕਿਸੇ ਹੋਰ ਉਦੇਸ਼ਾਂ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਨਹੀਂ ਕਰੇਗਾ ਜੋ ਇਹਨਾਂ ਸ਼ਰਤਾਂ ਵਿੱਚ ਨਹੀਂ ਦੱਸੇ ਗਏ ਹਨ।
- DWER ਅਤੇ ਵੇਵਪੇਅ ਲਿਮਟਿਡ ਦੋਵੇਂ ਨਿੱਜੀ ਜਾਣਕਾਰੀ ਦੀ ਪਰਦੇਦਾਰੀ ਦੀ ਰੱਖਿਆ ਕਰਨ ਲਈ ਵਚਨਬੱਧ ਹਨ। ਇਕੱਤਰ ਕੀਤੀ ਗਈ, ਰੱਖੀ ਗਈ, ਪ੍ਰਬੰਧਿਤ ਕੀਤੀ ਗਈ, ਵਰਤੀ ਗਈ, ਖੁਲਾਸਾ ਕੀਤੀ ਗਈ ਜਾਂ ਟ੍ਰਾਂਸਫਰ ਕੀਤੀ ਗਈ ਕੋਈ ਵੀ ਨਿੱਜੀ ਜਾਣਕਾਰੀ ਰਾਜ ਦੇ ਪਰਦੇਦਾਰੀ ਬਿਆਨ ਅਤੇ ਵੇਵਪੇਅ ਦੀ ਪਰਦੇਦਾਰੀ ਨੀਤੀ ਦੇ ਅਨੁਸਾਰ ਰੱਖੀ ਜਾਵੇਗੀ।

# ਫਾਰਮ ਦੇ ਵੇਰਵੇ

| ਦਾਅਵਾ ਕਰਨ ਵਾਲੇ ਵਿਅਕਤੀ ਦਾ ਵੇਰਵਾ | |
|---|---|
| ਪਹਿਲਾ ਨਾਮ | ਆਖਰੀ ਨਾਮ |
| ਜਨਮ ਦੀ ਤਾਰੀਖ਼<br>/ / | ਪੋਸਟਕੋਡ |
| ਈਮੇਲ ਪਤਾ | |
| ਟ੍ਰੀ ID (DPIRD ਦੁਆਰਾ ਪ੍ਰਦਾਨ ਕੀਤੀ ਵਿਲੱਖਣ ਟ੍ਰੀ ID) | |
| ਬਦਲਵੇਂ ਰੁੱਖ ਦਾ ਨਾਮ (ਤੁਹਾਡੇ ਵੱਲੋਂ ਖ਼ਰੀਦੇ ਗਏ ਰੁੱਖ ਦਾ ਵਿਗਿਆਨਕ ਜਾਂ ਆਮ ਨਾਮ ਦਰਜ ਕਰੋ) | |
| ਬਦਲਵੇਂ ਰੁੱਖ ਦੀ ਲਾਗਤ (ਕਿਸੇ ਵੀ ਲਗਾਉਣ ਵਾਲੀਆਂ ਚੀਜ਼ਾਂ ਨੂੰ ਛੱਡ ਕੇ, ਆਪਣੇ ਬਦਲਵੇਂ ਰੁੱਖ ਦੀ ਲਾਗਤ ਦਰਜ ਕਰੋ) | |
| ਹੇਠਾਂ ਦਿੱਤੀ ਸੂਚੀ ਵਿੱਚੋਂ ਤੁਹਾਡੇ ਵੱਲੋਂ ਖ਼ਰੀਦੀਆਂ ਗਈਆਂ ਲਗਾਉਣ ਵਾਲੀਆਂ ਚੀਜ਼ਾਂ ਦੀ ਚੋਣ ਕਰੋ<br>☐ ਮਿੱਟੀ ☐ ਮਿੱਟੀ ਸੁਧਾਰਕ ☐ ਖਾਦ ☐ ਮਲਚ ☐ ਮਿੱਟੀ ਨੂੰ ਗਿੱਲਾ ਰੱਖਣ ਵਾਲਾ ਏਜੰਟ<br>☐ ਰੁੱਖ ਨੂੰ ਸਹਾਰੇ ਲਈ ਡੰਡੀਆਂ ਅਤੇ ਗਾਰਡ ☐ ਵਾਧੂ ਯੋਗ ਰੁੱਖ ☐ ਕੋਈ ਲਗਾਉਣ ਵਾਲੀਆਂ ਚੀਜ਼ਾਂ ਨਹੀਂ ਖ਼ਰੀਦੀਆਂ ਗਈਆਂ | |
| ਕੁੱਲ ਲਗਾਉਣ ਵਾਲੀ ਚੀਜ਼ ਦੀ ਲਾਗਤ (ਖ਼ਰੀਦੀਆਂ ਗਈਆਂ ਯੋਗ ਲਗਾਉਣ ਵਾਲੀਆਂ ਚੀਜ਼ਾਂ ਦੀ ਲਾਗਤ ਦਰਜ ਕਰੋ) | ਨਰਸਰੀ/ਪ੍ਰਚੂਨ ਵਿਕਰੇਤਾ ਦਾ ਨਾਮ (ਉਸ ਦੁਕਾਨ ਦਾ ਨਾਮ ਦਰਜ ਕਰੋ ਜਿਸ ਤੋਂ ਤੁਸੀਂ ਆਪਣੀ ਚੀਜ਼/ ਚੀਜ਼ਾਂ ਖ਼ਰੀਦੀਆਂ ਸਨ) |
| ਬੈਂਕ ਖਾਤੇ ਦਾ ਨਾਮ: | BSB: |
| ਖਾਤਾ ਨੰਬਰ: | |
| ☐ ਆਪਣੇ ਰੁੱਖ ਦੇ ਲੇਬਲ ਦੀ ਨਕਲ ਪ੍ਰਦਾਨ ਕਰੋ ਜੋ ਖ਼ਰੀਦੇ ਗਏ ਰੁੱਖ ਦਾ ਆਮ ਜਾਂ ਵਿਗਿਆਨਕ ਨਾਮ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ।<br>☐ ਆਪਣੇ ਟੈਕਸ ਬਿੱਲ ਦੀ ਨਕਲ ਪ੍ਰਦਾਨ ਕਰੋ | |

| ਦਾਅਵੇਦਾਰ ਦੀ ਘੋਸ਼ਣਾ | |
|---|---|
| ☐ ਮੈਂ ਘੋਸ਼ਣਾ ਕਰਦਾ ਹਾਂ ਕਿ ਜੋ ਜਾਣਕਾਰੀ ਅਤੇ ਮੇਰੇ ਦੁਆਰਾ ਪ੍ਰਦਾਨ ਕੀਤੇ ਗਏ ਸਾਰੇ ਦਸਤਾਵੇਜ਼ ਸੱਚੇ ਅਤੇ ਸਹੀ ਹਨ ਅਤੇ ਇਹ ਜਾਂਚ ਕਰਨਾ ਮੇਰੀ ਜ਼ਿੰਮੇਵਾਰੀ ਹੈ ਕਿ ਮੈਂ ਜੋ ਜਾਣਕਾਰੀ ਅਤੇ ਦਸਤਾਵੇਜ਼ ਪ੍ਰਦਾਨ ਕੀਤੇ ਹਨ ਉਹ ਸਹੀ ਹਨ।<br>☐ ਮੈਂ ਘੋਸ਼ਣਾ ਕਰਦਾ ਹਾਂ ਕਿ ਮੈਂ ਇੱਕ ਯੋਗ ਰੁੱਖ ਖ਼ਰੀਦਿਆ ਹੈ ਅਤੇ ਲਗਾਇਆ ਹੈ ਜੋ ਵੱਡਾ ਹੋਣ 'ਤੇ ਘੱਟੋ ਘੱਟ ਤਿੰਨ (3) ਮੀਟਰ ਤੱਕ ਉੱਚਾ ਹੁੰਦਾ ਹੈ।<br>☐ ਮੈਂ ਘੋਸ਼ਣਾ ਕਰਦਾ ਹਾਂ ਕਿ ਮੈਂ ਆਪਣੀ ਖ਼ਰੀਦ WA ਵਿੱਚ ਸਥਿਤ ਇੱਕ ਵਪਾਰਕ ਨਰਸਰੀ ਜਾਂ ਪ੍ਰਚੂਨ ਵਿਕਰੇਤਾ ਤੋਂ ਕੀਤੀ ਹੈ।<br>☐ ਮੈਂ ਪ੍ਰੋਗਰਾਮ ਦੇ ਨਿਯਮਾਂ ਅਤੇ ਸ਼ਰਤਾਂ ਨਾਲ ਸਹਿਮਤ ਹਾਂ। | |
| ਦਸਤਖ਼ਤ | ਦਸਤਖ਼ਤ ਕਰਨ ਦੀ ਤਾਰੀਖ਼<br>/ / |